بِسْمِ اللّٰهِ الرَّحْمٰنِ الرَّحِيْمِ    نَحْمَدُهٗ وَ نُصَلِّيْ عَلٰى رَسُوْلِهِ الْكَرِيْمِ    وَعَلٰى عَبْدِهِ الْمَسِيْحِ الْمَوْعُوْد
لَا اِلٰهَ اِلَّا اللّٰهُ مُحَمَّدٌ رَّسُوْلُ اللّٰهِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਾ ਖ਼ੈਬਰ ਅਤੇ ਗ਼ਜ਼ਵਾ ਵਾਦਿਉਲ ਕ਼ੁਰਾ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

# ਮੁਕੱਰਮ ਮੌਲਾਨਾ ਮੁਹੰਮਦ ਕਰੀਮੁੱਦ ਦੀਨ ਸ਼ਾਹਿਦ ਸਾਹਿਬ ਸਦਰ ਸਦਰ ਅੰਜੁਮਨ ਅਹਮਦਿੱਯਾ ਭਾਰਤ ਦਾ ਜ਼ਿਕਰਿ ਖ਼ੈਰ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 04 ਅਪ੍ਰੈਲ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਰਮਜ਼ਾਨ ਤੋਂ ਪਹਿਲਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੀਰਤ ਦੇ ਪਹਿਲੂ ਜੰਗਾਂ ਦੇ ਹਵਾਲੇ ਨਾਲ ਬਿਆਨ ਹੋ ਰਹੇ ਸਨ ਅਤੇ ਇਸੇ ਸੰਦਰਭ ਵਿੱਚ ਖ਼ੈਬਰ ਦੀ ਜੰਗ ਦੇ ਵਾਕ਼ਿਆਤ ਦਾ ਜ਼ਿਕਰ ਹੋ ਰਿਹਾ ਸੀ। ਅੱਜ ਵੀ ਮੈਂ ਇਸੇ ਹਵਾਲੇ ਨਾਲ ਕੁੱਝ ਬਿਆਨ ਕਰਾਂਗਾ। ਖ਼ੈਬਰ ਦੀ ਫ਼ਤਿਹ ਦੀ ਖ਼ੁਸ਼ੀ ਦੇ ਨਾਲ ਹੀ ਉਹਨਾਂ ਹੀ ਦਿਨਾਂ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਲਈ ਇੱਕ ਹੋਰ ਖ਼ੁਸ਼ੀ ਦੀ ਗੱਲ ਹੋਈ ਕਿ ਜਿਸ ‘ਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ “ਮੈਂ ਬਿਆਨ ਨਹੀਂ ਕਰ ਸਕਦਾ ਕਿ ਮੈਨੂੰ ਖ਼ੈਬਰ ਦੀ ਫ਼ਤਿਹ ਦੀ ਜ਼ਿਆਦਾ ਖ਼ੁਸ਼ੀ ਹੋਈ ਹੈ ਜਾਂ ਇਸ ਗੱਲ ਦੀ”, ਉਹ ਹਜ਼ਰਤ ਜਾਅਫ਼ਰ ਰਜ਼ਿ ਅੱਲਾਹੁ ਅਨਹੁ ਦੀ ਹਬਸ਼ਾ ਦੇ ਮੁਹਾਜਿਰਾਂ ਦੇ ਨਾਲ ਹਬਸ਼ਾ ਤੋਂ ਵਾਪਸੀ ਸੀ। ਸੁਲਹ ਹੁਦੈਬਿਯਾ ਦੇ ਬਾਅਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਨੱਜਾਸ਼ੀ ਵੱਲ ਇੱਕ ਚਿੱਠੀ ਭੇਜੀ ਕਿ ਹੁਣ ਜਿੰਨੇ ਮੁਹਾਜਿਰ ਮੁਸਲਮਾਨ ਉੱਥੇ ਰਹਿ ਗਏ ਹਨ, ਉਹਨਾਂ ਨੂੰ ਮਦੀਨਾ ਮੇਰੇ ਕੋਲ ਭੇਜ ਦਿੱਤਾ ਜਾਵੇ। ਫਲਰੂਪ ਪਰਦੇਸ ਵਿੱਚ 14-15 ਸਾਲ ਬਿਤਾਉਣ ਦੇ ਬਾਅਦ ਇਹ ਲੋਕ ਦੋ ਕਿਸ਼ਤੀਆਂ ਵਿੱਚ ਸਵਾਰ ਹੋ ਕੇ ਮਦੀਨੇ ਪਹੁੰਚੇ। ਅਤੇ ਜਦ ਉਹਨਾਂ ਨੂੰ ਪਤਾ ਲੱਗਾ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਖ਼ੈਬਰ ਵੱਲ ਗਏ ਹੋਏ ਹਨ ਤਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਛੇਤੀ ਤੋਂ ਛੇਤੀ ਮਿਲਣ ਦੀ ਤੜਪ ਵਿੱਚ ਬੇਕ਼ਰਾਰ ਇਹ ਮਦੀਨੇ ਰੁਕਣ ਦੀ ਬਜਾਏ ਖ਼ੈਬਰ ਵੱਲ ਚਲੇ ਗਏ। ਉਹਨਾਂ ਲੋਕਾਂ ਦੇ ਨਾਲ ਹਜ਼ਰਤ ਅਬੂ ਮੂਸਾ ਅਸ਼ਅਰੀ ਰਜ਼ਿ ਅੱਲਾਹੁ ਅਨਹੁ ਵੀ ਆਪਣੀ ਕ਼ੌਮ ਦੇ 50 ਤੋਂ ਵੱਧ ਲੋਕਾਂ ਦੇ ਨਾਲ ਮਦੀਨੇ ਪਹੁੰਚੇ ਸਨ। ਉਹਨਾਂ ਦੇ ਨਾਲ ਹੀ ਕ਼ਬੀਲਾ ਦੌਸ ਤੋਂ ਵੀ ਕੁੱਝ ਵਿਅਕਤੀ ਆ ਗਏ। ਉਹਨਾਂ ਵਿੱਚ ਅਬੂ ਹੁਰੈਰਾ ਰਜ਼ਿ ਅੱਲਾਹੁ ਅਨਹੁ, ਤੁਫ਼ੈਲ ਬਿਨ ਅਮ੍ਰ ਰਜ਼ਿ ਅੱਲਾਹੁ ਅਨਹੁ ਅਤੇ ਉਹਨਾਂ ਦੇ ਸਾਥੀ ਸਨ। ਕ਼ਬੀਲਾ ਅਸ਼ਜਾ ਦੇ ਵੀ ਕੁੱਝ ਲੋਕ ਆ ਗਏ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਹਨਾਂ ਸਭ ਆਉਣ ਵਾਲਿਆਂ ਨੂੰ ਵੀ ਖ਼ੈਬਰ ਦੇ ਮਾਲ ਵਿੱਚੋਂ ਕੁੱਝ ਨਾ ਕੁੱਝ ਅਤਾ ਕੀਤਾ।

ਹਜ਼ਰਤ ਜਾਅਫ਼ਰ ਰਜ਼ਿ ਅੱਲਾਹੁ ਅਨਹੁ ਅਤੇ ਉਹਨਾਂ ਦੇ ਨਾਲ ਦੂਸਰੇ ਮੁਸਲਮਾਨ ਕਿਸ਼ਤੀ ਦੇ ਦੁਆਰਾ ਸਫ਼ਰ ਕਰਕੇ ਪਹੁੰਚੇ ਸਨ, ਇਸ ਲਈ ਉਹਨਾਂ ਨੂੰ ਅਸਹਾਬੁੱਸ ਸਫ਼ੀਨਾ (ਕਿਸ਼ਤੀ ਵਾਲੇ) ਕਿਹਾ ਜਾਂਦਾ ਹੈ। ਜਦ ਇਹ ਮਦੀਨੇ ਪਹੁੰਚੇ ਤਾਂ 15 ਵਰ੍ਹਿਆਂ ਦਾ ਅਰਸਾ ਲੰਘ ਚੁੱਕਿਆ ਸੀ ਅਤੇ ਇਥੋਂ ਦੇ ਮੁਹਾਜਿਰ ਮੁਸਲਮਾਨ ਕਈ ਜੰਗਾਂ ਵਿੱਚ ਸ਼ਾਮਿਲ ਹੋ ਚੁੱਕੇ ਸਨ ਅਤੇ ਹਿਜਰਤ ਵਿੱਚ ਵੀ ਬਾਜ਼ੀ ਲੈ ਗਏ ਸਨ, ਇਸ ਲਈ ਪ੍ਰਤੀਤ ਹੁੰਦਾ ਹੈ ਕਿ ਆਪਸ ਵਿੱਚ ਇਹ ਜ਼ਿਕਰ

ਹੋਣ ਲੱਗਾ ਕਿ ਅਸੀਂ ਉਹਨਾਂ ਤੋਂ ਜ਼ਿਆਦਾ ਫ਼ਜ਼ੀਲਤ ਰੱਖਦੇ ਹਾਂ। ਇੱਕ ਵਾਰ ਹਜ਼ਰਤ ਜਾਅਫ਼ਰ ਰਜ਼ਿ ਅੱਲਾਹੁ ਅਨਹੁ ਦੀ ਪਤਨੀ ਹਜ਼ਰਤ ਅਸਮਾ ਬਿੰਤ ਅਮੀਸ ਰਜ਼ਿ ਅੱਲਾਹੁ ਅਨਹਾ, ਉੱਮੁਲ ਮੋਮਿਨੀਨ ਹਜ਼ਰਤ ਹਫ਼ਸਾ ਰਜ਼ਿ ਅੱਲਾਹੁ ਅਨਹਾ ਨਾਲ਼ ਮੁਲਾਕ਼ਾਤ ਲਈ ਹਾਜ਼ਰ ਹੋਈ, ਤਾਂ ਉੱਥੇ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਵੀ ਸਨ। ਆਪ ਰਜ਼ਿ ਅੱਲਾਹੁ ਅਨਹੁ ਨੇ ਪੁੱਛਿਆ ਕਿ ਇਹ ਕੌਣ ਇਸਤਰੀ ਹੈ? ਪਤਾ ਲੱਗਣ ਤੇ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਕਹਿਣ ਲੱਗੇ ਕਿ ਅਸੀਂ ਮਦੀਨੇ ਵੱਲ ਹਿਜਰਤ ਵਿੱਚ ਤੁਹਾਡੇ ਤੋਂ ਬਾਜ਼ੀ ਲੈ ਗਏ ਹਾਂ, ਇਸ ਲਈ ਅਸੀਂ ਤੁਹਾਡੇ ਤੋਂ ਜ਼ਿਆਦਾ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕ਼ਰੀਬ ਹਾਂ। ਇਹ ਸੁਣ ਕੇ ਉਹ ਦੁੱਖ ਅਤੇ ਗ਼ੁੱਸੇ ਨਾਲ਼ ਬੋਲੀ ਕਿ ਅੱਲਾਹ ਦੀ ਕ਼ਸਮ! ਅਜਿਹਾ ਹਰਗਿਜ਼ ਨਹੀਂ ਹੋ ਸਕਦਾ। ਤੁਸੀਂ ਤਾਂ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ਼ ਰਿਹਾ ਕਰਦੇ ਸੀ, ਉਹ ਤੁਹਾਡੇ ਭੁੱਖੇ ਨੂੰ ਖਾਣਾ ਦਿੰਦੇ, ਤੁਹਾਡੇ ਘੱਟ ਇਲਮ ਰੱਖਣ ਵਾਲ਼ੇ ਨੂੰ ਨਸੀਹਤ ਕਰਦੇ। ਜਦਕਿ ਅਸੀਂ ਆਪਣੇ ਵਤਨ ਤੋਂ ਦੂਰ ਪਰਦੇਸ ਵਿੱਚ ਦੂਰ ਦੁਰਾਡੇ ਦੁਸ਼ਮਣ ਮੁਲਕ ਵਿੱਚ ਸੀ, ਸਾਨੂੰ ਉੱਥੇ ਤਰ੍ਹਾਂ ਤਰ੍ਹਾਂ ਦੇ ਡਰ ਅਤੇ ਭੈ ਚਿੰਬੜੇ ਹੁੰਦੇ ਸਨ, ਅਸੀਂ ਇਹ ਸਾਰੇ ਦੁੱਖ ਅੱਲਾਹ ਅਤੇ ਉਸਦੇ ਰਸੂਲ (ਸੱਲ-ਲੱਲਾਹੁ ਅਲੈਹਿ-ਵਸੱਲਮ) ਦੀ ਖ਼ਾਤਿਰ ਬਰਦਾਸ਼ਤ ਕੀਤੇ। ਖ਼ੁਦਾ ਦੀ ਕ਼ਸਮ! ਮੈਂ ਉਸ ਵੇਲ਼ੇ ਤੱਕ ਖਾਣਾ ਨਹੀਂ ਖਾਊਗੀ ਜਦ ਤੱਕ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲੋਂ ਇਸਦੇ ਬਾਰੇ ਪੁੱਛ ਨਾ ਲਵਾਂ। ਫਿਰ ਉਹ ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਹਾਜ਼ਿਰ ਹੋਈ ਅਤੇ ਇਹ ਸਾਰੀ ਗੱਲ ਬਿਆਨ ਕੀਤੀ। ਇਸ 'ਤੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਉਹ ਤੁਹਾਡੇ ਤੋਂ ਜ਼ਿਆਦਾ ਹੱਕ਼ ਨਹੀਂ ਰੱਖਦੇ ਬਲਕਿ ਉਹਨਾਂ ਦੀ ਅਤੇ ਉਹਨਾਂ ਦੇ ਸਾਥੀਆਂ ਦੀ ਇੱਕ ਹਿਜਰਤ ਹੈ ਅਤੇ ਤੁਹਾਡੀ ਯਾਨੀ ਹਬਸ਼ਾ ਵੱਲ ਕਿਸ਼ਤੀ ਦੇ ਦੁਆਰਾ ਸਫ਼ਰ ਕਰਨ ਵਾਲਿਆਂ ਦੀਆਂ ਦੋ ਹਿਜਰਤਾਂ ਹਨ।

ਇੱਥੇ ਇੱਕ ਹਬਸ਼ੀ ਗ਼ੁਲਾਮ ਯਸਾਰ ਜਿਹੜਾ ਮੁਸਲਮਾਨ ਹੋਇਆ ਸੀ, ਉਸਦੀ ਸ਼ਹਾਦਤ ਦਾ ਵੀ ਜ਼ਿਕਰ ਮਿਲ਼ਦਾ ਹੈ। ਰਿਵਾਇਤ ਵਿੱਚ ਹੈ ਕਿ ਉਹ ਖ਼ੈਬਰ ਦੇ ਇੱਕ ਵਿਅਕਤੀ ਦੇ ਡੰਗਰ ਚਰਾਇਆ ਕਰਦਾ ਸੀ। ਉਸ ਦੇ ਦਿਲ ਵਿੱਚ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਜ਼ਿਕਰ ਬੈਠ ਗਿਆ ਸੀ। ਉਹ ਆਪਣੀਆਂ ਬੱਕਰੀਆਂ ਨੂੰ ਚਰਾਉਣ ਨਿਕਲਿਆ, ਮੁਸਲਮਾਨਾਂ ਨੇ ਉਹਨੂੰ ਫੜ ਲਿਆ ਅਤੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ਼ ਲੈ ਗਏ ਜਾਂ ਇੱਕ ਤਫ਼ਸੀਲ ਦੇ ਮੁਤਾਬਿਕ਼ ਉਹ ਆਪ ਬਕਰੀਆਂ ਲੈ ਕੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ਼ ਆਇਆ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸਦੇ ਨਾਲ਼ ਗੱਲਬਾਤ ਕੀਤੀ, ਉਸ ਗ਼ੁਲਾਮ ਨੇ ਕਿਹਾ ਕਿ ਜੇਕਰ ਮੈਂ ਅੱਲਾਹ 'ਤੇ ਇਮਾਨ ਲੈ ਆਵਾਂ ਤਾਂ ਮੈਨੂੰ ਕੀ ਮਿਲ਼ੇਗਾ? ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਜੇਕਰ ਤੂੰ ਉਸ 'ਤੇ ਇਮਾਨ ਲੈ ਆਵੇ ਤਾਂ ਤੇਰੇ ਲਈ ਜੰਨਤ ਹੋਵੇਗੀ। ਬਸ ਗ਼ੁਲਾਮ ਇਸਲਾਮ ਲੈ ਆਇਆ ਅਤੇ ਉਸਨੇ ਅਰਜ਼ ਕੀਤੀ ਕਿ ਐ ਅੱਲਾਹ ਦੇ ਰਸੂਲ! ਜੇਕਰ ਮੈਂ ਇਹਨਾਂ ਨਾਲ਼ ਜੰਗ ਕਰਾਂ ਅਤੇ ਕ਼ਤਲ ਕਰ ਦਿੱਤਾ ਜਾਵਾਂ ਤਾਂ ਕੀ ਮੈਂ ਜੰਨਤ ਵਿੱਚ ਦਾਖ਼ਿਲ ਹੋ ਜਾਵਾਂਗਾ? ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਹਾਂ ਤੂੰ ਜੰਨਤ ਵਿੱਚ ਦਾਖ਼ਿਲ ਹੋ ਜਾਵੇਂਗਾ। ਉਸਨੇ ਕਿਹਾ ਕਿ ਐ ਅੱਲਹਾ ਦੇ ਰਸੂਲ! ਇਹ ਬੱਕਰੀਆਂ ਮੇਰੇ ਕੋਲ਼ ਅਮਾਨਤ ਹਨ, ਇਹਨਾਂ ਦਾ ਕੀ ਕਰਾਂ? ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਇਹਨਾਂ ਨੂੰ ਫ਼ੌਜ 'ਚੋਂ ਕੱਢ ਕੇ ਲੈ ਜਾ ਅਤੇ ਖ਼ਾਲੀ ਮੈਦਾਨ ਵਿੱਚ ਛੱਡ ਦੇ, ਬੇਸ਼ਕ ਅੱਲਾਹ ਤਆਲਾ ਤੇਰੀ ਅਮਾਨਤ ਤੇਰੇ ਵੱਲੋਂ ਅਦਾ ਕਰ ਦੇਵੇਗਾ ਯਾਨੀ ਉਹਨਾਂ ਤੱਕ ਪਹੁੰਚ ਜਾਣਗੀਆਂ। ਫਲਸਰੂਪ ਇੰਝ ਹੀ ਹੋਇਆ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਉਹ ਲੋਕ ਜਿਹੜੇ ਐਤਰਾਜ਼ ਕਰਦੇ ਹਨ ਕਿ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਨੇ ਮਾਲਿ ਗ਼ਨੀਮਤ ਹਾਸਿਲ ਕਰਨ ਲਈ ਜੰਗਾਂ ਕੀਤੀਆਂ, ਖ਼ਾਸ ਤੌਰ 'ਤੇ ਖ਼ੈਬਰ ਦੇ ਹਵਾਲ਼ੇ ਨਾਲ਼ ਵੀ ਇਹ ਐਤਰਾਜ਼ ਕੀਤਾ ਜਾਂਦਾ ਹੈ ਕਿ ਯਹੂਦੀਆਂ ਦੇ ਮਾਲ ਤੇ ਨਜਾਇਜ਼ ਕ਼ਬਜ਼ਾ ਕਰਨ ਲਈ ਇਹ ਜ਼ੁਲਮ ਕੀਤੇ ਗਏ, ਜੇਕਰ ਇਹ ਗੱਲ ਦਰੁਸਤ ਹੁੰਦੀ ਤਾਂ ਐਨ ਜੰਗ ਦੀ ਹਾਲਤ ਵਿੱਚ ਦੁਸ਼ਮਣ ਦੀਆਂ ਬੱਕਰੀਆਂ ਦਾ ਇੱਕ ਝੁੰਡ ਅਤੇ ਖ਼ੈਬਰ ਵਿੱਚ ਜਿਹੜੇ ਸਹਾਬਾ ਦੀ ਭੁੱਖ ਨਾਲ਼ ਹਾਲਤ ਸੀ ਤਾਂ ਇਹ ਬੱਕਰੀਆਂ ਤਾਂ ਮੁਫ਼ਤ ਦਾ ਮਾਲਿ ਗ਼ਨੀਮਤ ਸੀ, ਇਸਤੇਮਾਲ ਕਰ ਸਕਦੇ ਸਨ, ਪਰ ਨਬੀ ਕਰੀਮ ਸੱਲ-ਲੱਲਾਹੁ ਅਲੈਹਿ-

ਵਸੱਲਮ ਨੇ ਜੰਗ ਦੀ ਹਾਲਤ ਵਿੱਚ ਵੀ ਅਮਾਨਤ ਦਾ ਹੱਕ਼ ਅਦਾ ਕਰਦੇ ਹੋਏ ਬੱਕਰੀਆਂ ਵਾਪਸ ਕਰਨ ਦਾ ਇਰਸ਼ਾਦ ਫ਼ਰਮਾਇਆ। ਫਿਰ ਉਹ ਅੱਗੇ ਵਧਿਆ ਅਤੇ ਉਸਨੇ ਜੰਗ ਕੀਤੀ, ਇਥੋਂ ਤੱਕ ਕਿ ਉਹ ਸ਼ਹੀਦ ਹੋ ਗਿਆ, ਹਾਲਾਂਕਿ ਉਸਨੇ ਇੱਕ ਸਜਦਾ ਵੀ ਨਹੀਂ ਕੀਤਾ।

ਖ਼ੈਬਰ ਦੇ ਮੌਕੇ ਤੇ ਕੁੱਝ ਫਿਕ਼ਹੀ ਮਸਲਿਆਂ ਦਾ ਵੀ ਜ਼ਿਕਰ ਮਿਲ਼ਦਾ ਹੈ। ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਦੀ ਰਿਵਾਇਤ ਦੇ ਮੁਤਾਬਿਕ਼ ਗਧੇ ਦੇ ਮਾਸ ਅਤੇ ਮੁਤਆ ਤੋਂ ਮਨ੍ਹਾ ਫ਼ਰਮਾ ਦਿੱਤਾ। ਫ਼ਿਦਕ ਦੇ ਵਸਨੀਕਾਂ ਦੀ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨਾਲ਼ ਸੁਲਹ ਦਾ ਵੀ ਜ਼ਿਕਰ ਮਿਲ਼ਦਾ ਹੈ।

ਖ਼ੈਬਰ ਦੇ ਮਾਲਿ ਗਨੀਮਤ ਅਤੇ ਉਸਦੀ ਵੰਡ ਦੇ ਬਾਰੇ ਹਜ਼ਰਤ ਅਬੂ ਹੁਰੈਰਾ ਰਜ਼ਿ ਅੱਲਾਹੁ ਅਨਹੁ ਤੋਂ ਰਿਵਾਇਤ ਹੈ ਕਿ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਖ਼ੈਬਰ ਨੂੰ ਸਮੂਹਿਕ ਤੌਰ ‘ਤੇ 36 ਹਿੱਸਿਆਂ ਵਿੱਚ ਵੰਡਿਆ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਹਨਾਂ ਵਿੱਚੋਂ ਅੱਧ ਯਾਨੀ 18 ਹਿੱਸੇ ਮੁਸਲਮਾਨਾਂ ਦੇ ਲਈ ਨਿਰਧਾਰਿਤ ਕੀਤੇ, ਜਿਹਨਾਂ ਵਿੱਚੋਂ ਹਰ ਇੱਕ ਸੌ ਹਿੱਸਿਆਂ ਤੇ ਫੈਲਿਆ ਹੋਇਆ ਸੀ ਯਾਨੀ ਇੱਕ ਹਜ਼ਾਰ ਅੱਠ ਸੌ ਹਿੱਸੇ ਸਨ, ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਇੱਕ ਹਿੱਸਾ ਵੀ ਉਹਨਾਂ ਵਿੱਚੋਂ ਕਿਸੇ ਇੱਕ ਹਿੱਸੇ ਦੇ ਵਾਂਗ ਸੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਬਾਕ਼ੀ ਅੱਧ ਆਇੰਦਾ ਹਾਲਾਤ ਅਤੇ ਮਾਮਲਿਆਂ ਅਤੇ ਹਾਦਸਿਆਂ ਅਤੇ ਮੁਸਲਮਾਨਾਂ ਨੂੰ ਪੇਸ਼ ਆਉਣ ਵਾਲ਼ੀਆਂ ਗੱਲਾਂ ਲਈ ਨਿਰਧਾਰਿਤ ਕਰ ਦਿੱਤੇ। ਖ਼ੈਬਰ ਦੇ ਕ਼ਿਲ੍ਹਿਆਂ ‘ਚੋਂ ਜਦ ਮਾਲਿ ਗ਼ਨੀਮਤ ਇਕੱਠਾ ਕੀਤਾ ਗਿਆ ਤਾਂ ਉਸ ਵਿੱਚ ਤੌਰਾਤ ਦੀਆਂ ਕੁੱਝ ਬੀੜਾਂ ਵੀ ਮਿਲ਼ੀਆਂ, ਯਹੂਦੀਆਂ ਦੀ ਮੰਗ ਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਿਫ਼ਾਜ਼ਤ ਨਾਲ਼ ਉਹਨਾਂ ਦੀਆਂ ਬੀੜਾਂ ਵਾਪਸ ਕਰਨ ਦਾ ਹੁਕਮ ਦਿੱਤਾ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹਜ਼ਰਤ ਮੁਹੰਮਦ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਧਾਰਮਿਕ ਰਵਾਦਾਰੀ, ਧਾਰਮਿਕ ਜਜ਼ਬਾਤ ਅਤੇ ਅਹਿਸਾਸਾਂ ਦੀ ਪਾਸਦਾਰੀ ਦਾ ਕਮਾਲ ਸੀ ਕਿ ਉਹਨਾਂ ਦੀ ਤੌਰਾਤ ਨੂੰ ਹਿਫ਼ਾਜ਼ਤ ਨਾਲ਼ ਵਾਪਸ ਕਰਨ ਦਾ ਹੁਕਮ ਦਿੱਤਾ, ਇਹ ਨਹੀਂ ਕਿ ਅੱਜ ਕੱਲ ਦੀ ਤਰ੍ਹਾਂ ਮੁਸਲਮਾਨਾਂ ਦੀ ਦੁਸ਼ਮਣੀ ਵਿੱਚ ਕ਼ੁਰਆਨ ਕਰੀਮ ਨੂੰ ਸਾੜਿਆ ਜਾਵੇ।

ਖ਼ੈਬਰ ਤੋਂ ਵਾਪਸੀ ‘ਤੇ ਗ਼ਜ਼ਵਾ ਵਾਦਿਉਲ ਕ਼ੁਰਾ ਦਾ ਵੀ ਜ਼ਿਕਰ ਮਿਲ਼ਦਾ ਹੈ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਤਹਿ ਖ਼ੈਬਰ ਦੇ ਬਾਅਦ ਕੁੱਝ ਦਿਨ ਉੱਥੇ ਰਿਹਾਇਸ਼ ਕੀਤੀ, ਫਿਰ ਇਸਲਾਮੀ ਫ਼ੌਜ ਵਾਪਸੀ ਦੇ ਲਈ ਰਵਾਨਾ ਹੋਈ ਤਾਂ ਵਾਦਿਉਲ ਕ਼ੁਰਾ ਵਿੱਚ ਯਹੂਦੀਆਂ ਨਾਲ਼ ਮੁਕ਼ਾਬਲਾ ਹੋਇਆ। ਹਜ਼ਰਤ ਅਬੂ ਹੁਰੈਰਾ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਵਾਦਿਉਲ ਕ਼ੁਰਾ ਵਿੱਚ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ਼ ਇੱਕ ਗ਼ੁਲਾਮ ਮੁਦਅਮ ਵੀ ਸੀ, ਉਸ ਵੇਲ਼ੇ ਕਿ ਉਹ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਕਜਾਵਾ ਲਾਹ ਰਿਹਾ ਸੀ, ਇੱਕ ਤੀਰ ਉਸ ਨੂੰ ਆ ਲੱਗਿਆ ਅਤੇ ਉਹ ਫ਼ੌਤ ਹੋ ਗਿਆ। ਲੋਕ ਕਹਿਣ ਲੱਗੇ ਕਿ ਉਸਦੇ ਲਈ ਸ਼ਹਾਦਤ ਮੁਬਾਰਕ ਹੋਵੇ ਤਾਂ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਨਹੀਂ, ਉਸ ਦੀ ਕ਼ਸਮ ਜਿਸ ਦੇ ਹੱਥ ਵਿੱਚ ਮੇਰੀ ਜਾਨ ਹੈ! ਉਹ ਚਾਦਰ ਉਸ ‘ਤੇ ਅੱਗ ਬਣ ਕੇ ਭੜਕ ਰਹੀ ਹੈ ਜਿਹੜੀ ਉਸਨੇ ਖ਼ੈਬਰ ਦੇ ਦਿਨ ਗ਼ਨੀਮਤ ਦੇ ਮਾਲ ਚੋਂ ਲੈ ਲਈ ਸੀ ਜਦਕਿ ਅਜੇ ਉਸਦੇ ਹਿੱਸੇ ਨਹੀਂ ਵੰਡੇ ਗਏ ਸਨ। ਤਾਂ ਇੱਕ ਵਿਅਕਤੀ ਨੇ ਜਦ ਇਹ ਸੁਣਿਆ ਕਿ ਇਹ ਤਾਂ ਬੜੀ ਖ਼ਤਰਨਾਕ ਗੱਲ ਹੈ ਕਿ ਚਾਦਰ ਚੋਰੀ ਕਰਨ ਦੇ ਕਾਰਨ ਉਹ ਨਰਕ ਵਿੱਚ ਜਾ ਰਿਹਾ ਹੈ, ਤਾਂ ਉਹ ਇੱਕ ਤਸਮਾ ਜਾਂ ਦੋ ਤਸਮੇ ਲੈ ਆਇਆ ਅਤੇ ਅਰਜ਼ ਕੀਤਾ ਕਿ ਇਹ ਉਹ ਚੀਜ਼ ਹੈ ਜਿਸ ਨੂੰ ਮੈਂ ਲੈ ਲਿਆ ਸੀ, ਤਾਂ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਇੱਕ ਤਸਮਾ ਹੈ ਜਾ ਦੋ ਤਸਮੇ ਹਨ, ਅੱਗ ਵਿੱਚ ਲੈ ਜਾਣ ਦਾ ਕਾਰਨ ਹੁੰਦੇ ਹਨ।

ਹਜ਼ੂਰ ਅਨਵਨ ਨੇ ਫ਼ਰਮਾਇਆ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਚਾਰ ਦਿਨ ਵਾਦਿਉਲ ਕ਼ੁਰਾ ਵਿੱਚ ਰਿਹਾਇਸ਼ ਕੀਤੀ ਅਤੇ ਫਿਰ ਵਾਪਸ ਮਦੀਨਾ ਤਸ਼ਰੀਫ਼ ਲੈ ਆਏ। ਇਸ ਦੀ ਹੋਰ ਤਫ਼ਸੀਲ ਹੈ ਜਿਹੜੀ ਇੰਸ਼ਾ ਅੱਲਾਹ ਆਇੰਦਾ ਬਿਆਨ ਕਰਾਂਗਾ।

ਫ਼ਰਮਾਇਆ ਇਸ ਵੇਲੇ ਮੈਂ ਕੁੱਝ ਸੁਰਗ ਵਾਸੀਆਂ ਦਾ ਜ਼ਿਕਰ ਕਰਾਂਗਾ ਅਤੇ ਫਿਰ ਉਹਨਾਂ ਦੇ ਜਨਾਜ਼ਾ ਗ਼ਾਇਬ ਵੀ ਇੰਸ਼ਾ ਅੱਲਾਹ ਨਮਾਜ਼ ਦੇ ਬਾਅਦ ਹੋਣਗੇ। ਪਹਿਲਾ ਜ਼ਿਕਰ ਹੈ ਮੁਕੱਰਮ ਮੌਲਾਨਾ ਮੁਹੰਮਦ ਕਰੀਮੁੱਦ ਦੀਨ ਸ਼ਾਹਿਦ ਸਾਹਿਬ ਦਾ ਜਿਹੜੇ ਸਦਰ ਸਦਰ ਅੰਜੁਮਨ ਅਹਮਦਿੱਯਾ ਕਾਦੀਆਂ ਸਨ। ਪਿਛਲੇ ਦਿਨੀ ਰਮਜ਼ਾਨ ਦੇ ਦਿਨਾਂ ਵਿੱਚ 87 ਸਾਲ ਦੀ ਉਮਰ ਵਿੱਚ ਉਹਨਾਂ ਦੀ ਵਫ਼ਾਤ ਹੋਈ ਹੈ। إِنَّا لِلّٰهِ وَإِنَّا إِلَيْهِ رَاجِعُوْنَ

ਮਰਹੂਮ ਮੂਸੀ ਵੀ ਸਨ। ਉਹਨਾਂ ਦੇ ਵਾਲਿਦ ਬੈਅਤ ਕਰਕੇ ਜਮਾਅਤ ਅਹਮਦਿੱਯਾ ਵਿੱਚ ਦਾਖ਼ਿਲ ਹੋਏ ਸਨ। ਚਿੰਤਾ ਕੁੰਟਾ ਦੇ ਮੁਕੱਰਮ ਸੇਠ ਮੁਹੰਮਦ ਮੋਈਨੁੱਦ ਦੀਨ ਸਾਹਿਬ ਨੇ ਉਹਨਾਂ ਨੂੰ ਤਾਲੀਮ ਹਾਸਿਲ ਕਰਨ ਲਈ ਕਾਦੀਆਂ ਭਿਜਵਾਇਆ। ਅਹਮਦਿੱਯਾ ਸਕੂਲ ਤੋਂ 1957 ਈ: ਵਿੱਚ ਪਾਸ ਹੋਏ ਫਿਰ 1960 ਈ: ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚੋਂ ਮੌਲਵੀ ਫ਼ਾਜ਼ਿਲ ਦਾ ਇਮਤਿਹਾਨ ਪਾਸ ਕੀਤਾ। ਬਾਅਦ ਵਿੱਚ ਜਾਮਿਆ ਅਹਮਦਿੱਯਾ ਰਬਵਾ 'ਚੋਂ ਸ਼ਾਹਿਦ ਦੀ ਡਿਗਰੀ ਹਾਸਿਲ ਕੀਤੀ। ਇਸ ਤਰ੍ਹਾਂ ਇੰਡੀਆ ਵਿੱਚ ਸ਼ਾਹਿਦ ਡਿਗਰੀ ਹਾਸਿਲ ਕਰਨ ਵਾਲੇ ਆਪ ਪਹਿਲੇ ਮੁਰੱਬੀ ਸਨ। ਕਾਦੀਆਂ ਵਿੱਚ ਵੱਖ ਵੱਖ ਖ਼ਿਦਮਤਾਂ ਦਾ ਉਹਨਾਂ ਨੂੰ ਮੌਕ਼ਾ ਮਿਲ਼ਦਾ ਰਿਹਾ ਅਤੇ ਇਸ ਦੌਰਾਨ ਇਹ ਮੈਂਬਰ ਸਦਰ ਅੰਜੁਮਨ ਅਹਮਦਿੱਯਾ ਕਾਦੀਆਂ ਨਿਯੁਕਤ ਹੋਏ। ਉਹਨਾਂ ਨੂੰ ਐਡੀਸ਼ਨਲ ਨਾਜ਼ਿਮ ਇਰਸ਼ਾਦ ਵਕ਼ਫ਼ਿ ਜਦੀਦ ਬੈਰੂਨ, ਸਦਰ ਅਮੂਮੀ, ਸਦਰ ਮਜਲਿਸ ਵਕ਼ਫ਼ਿ ਜਦੀਦ, ਫਿਰ ਦੋ ਵਾਰ ਪ੍ਰਿੰਸੀਪਲ ਜਾਮਿਆ ਅਹਮਦਿੱਯਾ, ਸਦਰ ਕ਼ਜ਼ਾ ਬੋਰਡ ਅਤੇ ਸਦਰ ਮਜਲਿਸ ਕਾਰ ਪਰਦਾਜ਼ ਦੇ ਤੌਰ 'ਤੇ ਵੀ ਖ਼ਿਦਮਤ ਦੀ ਤੌਫ਼ੀਕ਼ ਮਿਲੀ। ਫਿਰ 2021 ਈ: ਵਿੱਚ ਮੈਂ ਸਦਰ ਸਦਰ ਅੰਜੁਮਨ ਅਹਮਦਿੱਯਾ ਨਿਯੁਕਤ ਕੀਤਾ ਸੀ ਅਤੇ ਵਫ਼ਾਤ ਤੱਕ ਇਸੀ ਅਹੁਦੇ 'ਤੇ ਰਹੇ।

ਨਾਜ਼ਿਰ ਆਅਲਾ ਸਾਹਿਬ ਕਾਦੀਆਂ ਕਹਿੰਦੇ ਹਨ ਕਿ ਮਰਹੂਮ ਬਹੁਤ ਸਾਦਾ ਤਬੀਅਤ ਅਤੇ ਬਹੁਤ ਜ਼ਿਆਦਾ ਸਬਰ ਸ਼ੁਕਰ ਨਾਲ਼ ਜ਼ਿੰਦਗੀ ਗੁਜ਼ਾਰਨ ਵਾਲੇ ਇਨਸਾਨ ਸਨ। (ਹਜ਼ੂਰ ਅਨਵਰ ਨੇ ਫ਼ਰਮਾਇਆ, ਅਤੇ ਇਹ ਹਕ਼ੀਕ਼ਤ ਹੈ, ਮੈਂ ਵੀ ਦੇਖਿਆ ਹੈ) ਮਰਹੂਮ ਨੂੰ ਸਿਲਸਿਲੇ ਵੱਲੋਂ ਜੋ ਵਜ਼ੀਫ਼ਾ ਜਾਂ ਆਮਦ ਹੁੰਦੀ ਉਸੇ ਵਿੱਚ ਸਫ਼ੈਦਪੋਸ਼ੀ ਦੇ ਨਾਲ਼ ਗੁਜ਼ਾਰਾ ਕਰਦੇ ਅਤੇ ਕਰਜ਼ਾ ਚੁੱਕ ਕੇ ਖ਼ਰਚੇ ਕਰਨ ਨੂੰ ਬਹੁਤ ਜ਼ਿਆਦਾ ਨਾਪਸੰਦ ਕਰਦੇ ਸਨ। ਨਿਹਾਇਤ ਸੋਹਣੀ ਲਿਖਾਈ ਵਾਲੇ ਅਤੇ ਉਚੇਰੇ ਦਰਜੇ ਦੇ ਲਿਖਾਰੀ ਸਨ। ਜਦ ਤੱਕ ਕੰਪਿਊਟਰ 'ਤੇ ਕੰਪੋਜ਼ਿੰਗ ਦਾ ਸਿਲਸਿਲਾ ਸ਼ੁਰੂ ਨਹੀਂ ਹੋਇਆ, ਅਖ਼ਬਾਰ ਬਦਰ ਅਤੇ ਸਿਲਸਿਲੇ ਦੀਆਂ ਕਿਤਾਬਾਂ ਅਤੇ ਰਸਾਲੇ ਲਿਖਣ ਦੀ ਤੌਫ਼ੀਕ਼ ਉਹਨਾਂ ਨੂੰ ਮਿਲ਼ਦੀ ਰਹੀ। ਚੰਗੇ ਤਕ਼ਰੀਰ ਕਰਨ ਵਾਲੇ ਸਨ, ਮਜ਼ਮੂਨ ਨਿਗਾਰ (ਲੇਖ ਲਿਖਣ ਵਾਲੇ) ਸਨ। ਜਲਸਾ ਕਾਦੀਆਂ ਅਤੇ ਅਤੇ ਦੂਸਰੀਆਂ ਜਮਾਅਤੀ ਤਕ਼ਰੀਰਾਂ ਅਤੇ ਤਰਬਿੱਯਤੀ ਜਲਸਿਆਂ ਵਿੱਚ ਤਕ਼ਰੀਰ ਕਰਨ ਦਾ ਮੌਕ਼ਾ ਮਿਲ਼ਦਾ ਰਿਹਾ। ਕਾਦੀਆਂ ਤੋਂ ਐਮ.ਟੀ.ਏ (MTA) 'ਤੇ ਲਾਈਵ ਪ੍ਰਸਾਰਿਤ ਹੋਣ ਵਾਲੇ "ਰਾਹਿ ਹੁਦਾ" ਪ੍ਰੋਗਰਾਮ ਵਿੱਚ ਲੰਮਾ ਅਰਸਾ ਸਵਾਲਾਂ ਦੇ ਜਵਾਬ ਦੇਣ ਦੀ ਤੌਫ਼ੀਕ਼ ਉਹਨਾਂ ਨੂੰ ਮਿਲੀ। ਗੁਰਦਿਆਂ ਦੀ ਬਿਮਾਰੀ ਸੀ, ਕਮਜ਼ੋਰ ਵੀ ਹੋ ਗਏ ਸਨ, ਪਰ ਉਸਦੇ ਬਾਵਜੂਦ ਬੜੀ ਹਿੰਮਤ ਨਾਲ਼ ਆਪਣੇ ਫ਼ਰਜ਼ਾਂ ਨੂੰ ਅੰਜਾਮ ਦਿੰਦੇ ਰਹੇ। ਅਤੇ ਉਹਨਾਂ ਦਾ ਨਮੂਨਾ ਵਾਕ਼ਈ ਰੀਜ ਕਰਨ ਯੋਗ ਹੈ। ਬਿਮਾਰੀ ਅਤੇ ਕਮਜ਼ੋਰ ਸਿਹਤ ਦੇ ਬਾਵਜੂਦ ਬੜੀ ਹਿੰਮਤ ਨਾਲ਼ ਉਹਨਾਂ ਨੇ ਜਲਸਾ ਸਲਾਨਾ ਕਾਦੀਆਂ 2024 ਈ: ਦੇ ਇਫ਼ਤਿਤਾਹੀ ਇਜਲਾਸ ਦੀ ਸਦਾਰਤ ਵੀ ਕੀਤੀ। ਇਸੇ ਤਰ੍ਹਾਂ ਉਹਨਾਂ ਨੇ ਪਿਛਲੀ ਮਜਲਿਸ ਸ਼ੂਰਾ ਦੀ ਵੀ ਸਦਾਰਤ ਕੀਤੀ। ਜ਼ਿੰਦਗੀ ਦੇ ਆਖ਼ਰੀ ਦਿਨਾਂ ਵਿੱਚ ਘਰ ਵਾਲਿਆਂ ਨੂੰ ਇਸ ਗੱਲ ਦਾ ਇਜ਼ਹਾਰ ਕਰਦੇ ਸਨ ਕਿ ਮੇਰੀ ਪੈਦਾਇਸ਼ ਰਮਜ਼ਾਨ ਦੇ ਮਹੀਨੇ ਵਿੱਚ ਹੋਈ ਹੈ ਇਹ ਦੇਖਣਾ ਕਿ ਮੇਰੀ ਵਫ਼ਾਤ ਵੀ ਰਮਜ਼ਾਨ ਵਿੱਚ ਹੋਵੇਗੀ। ਫਲਸਰੂਪ 27 ਰਮਜ਼ਾਨੁਲ ਮੁਬਾਰਕ ਨੂੰ ਉਹਨਾਂ ਦੀ ਵਫ਼ਾਤ ਹੋਈ। ਬਹੁਤ ਮਿਹਨਤੀ ਅਤੇ ਨਿਮਾਣੇ ਇਨਸਾਨ ਸਨ। ਹਮੇਸ਼ਾ ਇਹ ਕੋਸ਼ਿਸ਼ ਹੁੰਦੀ ਸੀ ਕਿ ਆਪਣੇ ਕੰਮ ਆਪ ਕਰਨ ਕਿਸੇ 'ਤੇ ਬੋਝ ਨਾ ਬਣਨ ਬਲਕਿ ਆਪਣੇ ਨਿਜੀ ਕੰਮ ਵੀ ਆਪ ਕਰਿਆ ਕਰਦੇ ਸਨ। ਆਲਿਮ ਬਾ ਅਮਲ ਇਨਸਾਨ ਸਨ। ਵਕ਼ਫ਼ ਦਾ ਜਿਹੜਾ ਵਚਨ ਉਹਨਾਂ ਨੇ ਕੀਤਾ ਸੀ ਉਸਨੂੰ ਨਿਭਾਉਣ ਦਾ ਉਹਨਾਂ ਨੇ ਹੱਕ਼ ਅਦਾ ਕਰ ਦਿੱਤਾ। ਅੱਲਾਹ ਤਆਲਾ ਉਹਨਾਂ ਦੇ ਦਰਜੇ ਬੁਲੰਦ ਕਰੇ। ਉਨਾਂ ਦਾ ਪਹਿਲਾ ਵਿਆਹ ਹੋਇਆ ਸੀ ਇਕ਼ਬਾਲ ਬੇਗਮ ਸਾਹਿਬਾ ਨਾਲ਼ ਜਿਹਨਾਂ ਤੋਂ ਦੋ ਬੇਟੇ ਅਤੇ ਦੋ ਬੇਟੀਆਂ ਹਨ ਅਤੇ ਉਹਨਾਂ ਦੀ ਵਫ਼ਾਤ ਹੋ ਗਈ ਤਾਂ ਫਿਰ ਉਹਨਾਂ ਦਾ ਦੂਸਰਾ ਵਿਆਹ ਹੋਇਆ। ਉਹਨਾਂ ਦੇ ਬੱਚੇ ਬੇਟੀਆਂ ਜਵਾਈ ਵਗ਼ੈਰਾ ਸਭ

ਨੂੰ ਖ਼ਿਦਮਤਿ ਦੀਨ ਦੀ ਤੌਫ਼ੀਕ਼ ਮਿਲ਼ ਰਹੀ ਹੈ। ਅੱਲਾਹ ਤਆਲਾ ਉਹਨਾਂ ਦੀ ਨਸਲਾਂ ਵਿੱਚ ਵੀ ਖ਼ਿਦਮਤਿ ਦੀਨ ਦੇ ਜਜ਼ਬੇ ਨੂੰ ਕ਼ਾਇਮ ਰੱਖੇ।

ਇਸ ਦੇ ਬਾਅਦ ਹਜ਼ੂਰ ਅਨਵਰ ਨੇ ਮੁਕੱਰਮ ਅਬਦੁਰ ਰਸ਼ੀਦ ਯਾਹਿਯਾ ਸਾਹਿਬ ਸਦਰ ਕ਼ਜ਼ਾ ਬੋਰਡ ਕੈਨੇਡਾ, ਮਿਰਜ਼ਾ ਇਮਤਿਆਜ਼ ਅਹਮਦ ਸਾਹਿਬ ਅਮੀਰ ਜ਼ਿਲ੍ਹਾ ਹੈਦਰਾਬਾਦ ਸਿੰਧ, ਮੁਕੱਰਮ ਅਲਹਾਜ ਮੁਹੰਮਦ ਬਿਲ-ਅਰਬੀ ਸਾਹਬ ਅਤੇ ਮੁਕੱਰਮ ਮੁਹੰਮਦ ਅਸ਼ਰਫ ਸਾਹਿਬ ਕੋਟਰੀ ਜ਼ਿਲ੍ਹਾ ਹੈਦਰਾਬਾਦ ਦਾ ਵੀ ਜ਼ਿਕਰਿ ਖ਼ੈਰ ਕੀਤਾ ਅਤੇ ਮ੍ਰਿਤਕਾਂ ਦੇ ਦਰਜੇ ਦੀ ਬੁਲੰਦੀ ਅਤੇ ਮਗ਼ਫ਼ਿਰਤ ਦੇ ਲਈ ਦੁਆ ਕੀਤੀ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞